ਤੁਰੰਤ ਰਿਲੀਜ ਲਈ

## ਰੀਜਨਲ ਗਵਰਨਮੈਂਟ ਰਿਵਿਊ ਵਿੱਚ ਜਨਤਕ ਸੁਝਾਅ ਮੰਗੇ ਗਏ ਹਨ

ਬ੍ਰੈਂਪਟਨ, ਓਨਟੈਰੀਓ (17 ਅਪ੍ਰੈਲ, 2019) – ਸੂਬੇ ਵੱਲੋਂ ਰੀਜਨ ਆਫ ਪੀਲ (Region of Peel) ਮਿਊਨਿਸਿਪਲਟੀਜ ਦੇ ਢਾਂਚੇ ਦੀ ਸਮੀਖਿਆ ਕੀਤੀ ਜਾ ਰਹੀ ਹੈ। ਇਸ ਵਿਸ਼ੇ ਤੇ ਜਨਤਾ ਦੀਆਂ ਭਾਵਨਾਵਾਂ ਬਾਰੇ ਪਤਾ ਕਰਨ ਲਈ, ਬ੍ਰੈਂਪਟਨ ਇਸ ਬਾਰੇ ਆਪਣੇ ਨਿਵਾਸੀਆਂ ਅਤੇ ਕਾਰੋਬਾਰੀਆਂ ਦੀ ਰਾਏ ਲੈਣਾ ਚਾਹੁੰਦਾ ਹੈ ਕਿ ਉਹਨਾਂ ਦੇ ਵਿਚਾਰ ਵਿੱਚ ਸਿਟੀ ਲਈ ਅੱਗੇ ਵਧਣ ਦਾ ਬਿਹਤਰ ਤਰੀਕਾ ਕੀ ਹੋਵੇਗਾ।

ਇਸ ਸਾਲ ਦੇ ਸ਼ੁਰੂ ਵਿੱਚ, ਪ੍ਰੋਵਿੰਸ ਆਫ ਓਨਟੈਰੀਓ (Province of Ontario) ਨੇ ਇਹ ਯਕੀਨੀ ਬਣਾਉਣ ਲਈ ਰੀਜਨਲ ਸਰਕਾਰਾਂ ਦੀ ਸਮੀਖਿਆ ਕਰਨਾ ਸ਼ੁਰੂ ਕੀਤਾ ਸੀ ਕਿ ਮਿਊਨਿਸਿਪਲ ਅਤੇ ਰੀਜਨਲ ਸਰਕਾਰਾਂ ਵੱਧ ਤੋਂ ਵੱਧ ਅਸਰਦਾਰ ਢੰਗ ਨਾਲ ਅਤੇ ਕੁਸ਼ਲਤਾ ਨਾਲ ਕੰਮ ਕਰਦੀਆਂ ਹਨ ਅਤੇ ਉਹ ਅਜਿਹੀਆਂ ਜ਼ਰੂਰੀ ਸੇਵਾਵਾਂ ਮੁਹੱਈਆ ਕਰਨਾ ਜਾਰੀ ਰੱਖ ਸਕਦੀਆਂ ਹਨ, ਜਿਹਨਾਂ ਉੱਤੇ ਭਾਈਚਾਰੇ ਨਿਰਭਰ ਰਹਿੰਦੇ ਹਨ।

ਬ੍ਰੈਂਪਟਨ ਰੀਜਨ ਆਫ ਪੀਲ ਵਿੱਚ ਤਿੰਨ ਮਿਊਨਿਸਿਪਲਟੀਜ ਵਿੱਚੋਂ ਇੱਕ ਹੈ। ਰੀਜਨਲ ਪੱਧਰ ਤੇ ਜਿਹਨਾਂ ਵਿਕਲਪਾਂ ਤੇ ਚਰਚਾ ਕੀਤੀ ਜਾ ਰਹੀ ਹੈ, ਉਹ ਹਨ – ਕੀ ਇਹ ਸਟੈਂਡਅਲੋਨ ਸਿਟੀ ਬਣ ਜਾਵੇ (ਜਿਵੇਂ ਰੀਜਨ ਨੂੰ ਵੱਖ ਕਰਨਾ), ਤਿੰਨ ਮਿਊਨਿਸਿਪਲਟੀਜ ਨੂੰ ਮਿਲਾ ਕੇ ਇੱਕ ਵੱਡੀ ਸਿਟੀ ਬਣ ਜਾਵੇ, ਜਾਂ ਮੌਜੂਦਾ ਢਾਂਚੇ ਨੂੰ ਇਵੇਂ ਹੀ ਰਹਿਣ ਦੇਵੇ।

ਸੁਝਾਅ ਦੇਣ ਵਾਸਤੇ ਬ੍ਰੈਂਪਟਨ ਵਾਸੀਆਂ ਲਈ ਕਈ ਤਰੀਕੇ ਹਨ। ਪ੍ਰਾਪਤ ਹੋਣ ਵਾਲੇ ਸਾਰੇ ਸੁਝਾਅ ਬ੍ਰੈਂਪਟਨ ਸਿਟੀ ਕਾਉਂਸਿਲ ਦੇ ਮੈਂਬਰਾਂ (Brampton City Council Members) ਨੂੰ ਸੂਬੇ ਸਬੰਧੀ ਮਸ਼ਵਰਿਆਂ ਦੇ ਦੌਰਾਨ ਰੀਜਨਲ ਕਾਉਂਸਿਲ (Regional Council) ਤੇ ਅਤੇ ਕਈ ਹੋਰ ਮਹੱਤਵਪੂਰਨ ਬਿੰਦੂਆਂ ਤੇ ਸੂਚਿਤ ਫ਼ੈਸਲੇ ਲੈਣ ਵਿੱਚ ਮਦਦ ਕਰਨਗੇ।

**ਆਪਣੀ ਰਾਏ ਦਿਓ**

- 24 ਅਪ੍ਰੈਲ ਨੂੰ ਸ਼ਾਮ 7 ਵਜੇ ਇੱਕ ਟੈਲੀਫੋਨ ਟਾਊਨ ਹਾਲ (Telephone Town Hall) ਦਾ ਆਯੋਜਨ ਕੀਤਾ ਜਾਵੇਗਾ, ਜਿੱਥੇ ਬੇਤਰਤੀਬ (ਬਿਨਾਂ ਤੈਅ ਕੀਤੇ) ਨੰਬਰਾਂ ਤੇ ਕਾਲਾਂ ਕੀਤੀਆਂ ਜਾਣਗੀਆਂ। ਜੋ ਕਾਲਰ ਸੂਚੀ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ, ਉਹ 24 ਅਪ੍ਰੈਲ ਨੂੰ ਦੁਪਹਿਰ 12 ਵਜੇ ਤੱਕ ਔਨਲਾਈਨ ਸਾਈਨ ਅੱਪ (sign up online) ਕਰ ਸਕਦੇ ਹਨ।
- 4 ਮਈ ਨੂੰ ਦੁਪਹਿਰ ਬਾਅਦ 3 ਵਜੇ ਸਿਟੀ ਹਾਲ (City Hall) ਵਿੱਚ ਟਾਊਨ ਹਾਲ (Town Hall) ਮੀਟਿੰਗ ਵਿੱਚ ਸ਼ਾਮਲ ਹੋਵੋ। ਜੋ ਵਿਅਕਤੀ ਇਸ ਮੀਟਿੰਗ ਵਿੱਚ ਆਪਣੀਆਂ ਟਿੱਪਣੀਆਂ ਦੇਣਾ ਜਾਂ ਸਵਾਲ ਪੁੱਛਣਾ ਚਾਹੁੰਦੇ ਹਨ, ਉਹਨਾਂ ਨੂੰ 3 ਮਈ ਨੂੰ ਸ਼ਾਮ 4:30 ਵਜੇ ਤੱਕ cityclerksoffice@brampton.ca ਤੇ ਈਮੇਲ ਕਰਕੇ ਰਜਿਸਟਰ ਕਰਨ ਦੀ ਲੋੜ ਹੈ।
- ਟਾਊਨ ਹਾਲ ਮੀਟਿੰਗ ਦੀ Facebook ਤੇ ਲਾਈਵ ਸਟ੍ਰੀਮਿੰਗ ਵੀ ਕੀਤੀ ਜਾਵੇਗੀ ਅਤੇ ਉਸ ਸਮੇਂ ਦੌਰਾਨ ਸਵਾਲ ਪ੍ਰਸਤੁਤ ਕੀਤੇ ਜਾ ਸਕਦੇ ਹਨ।
- 21 ਮਈ ਤੱਕ ਔਨਲਾਈਨ ਪ੍ਰੋਵਿੰਸ ਆਫ ਓਨਟੈਰੀਓ ਵੱਲੋਂ ਸਰਵੇਖਣ (survey by the Province of Ontario) ਪੂਰਾ ਕਰੋ।

**ਹਵਾਲਾ**

"ਰੀਜਨਲ ਗਵਰਨਮੈਂਟ ਰਿਵਿਊ (Regional Government Review) ਦੇ ਦੌਰਾਨ ਕਈ ਵਿਕਲਪਾਂ ਤੇ ਵਿਚਾਰ ਕੀਤਾ ਜਾ ਰਿਹਾ ਹੈ। ਅਸੀਂ ਇਸਨੂੰ ਟੈਕਸ ਦੇਣ ਵਾਲਿਆਂ ਲਈ ਨਿਰਪੱਖ ਬਣਾਉਣਾ ਚਾਹੁੰਦੇ ਹਾਂ। ਮੈਂ ਬ੍ਰੈਂਪਟਨ ਵਾਸੀਆਂ ਨੂੰ ਇਸ ਬੇਹੱਦ ਮਹੱਤਵਪੂਰਨ ਸਮੀਖਿਆ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕਰਦਾ ਹਾਂ। ਇਹ ਸਿਟੀ ਦੇ ਸੰਚਾਲਨ ਦੇ ਤਰੀਕਿਆਂ ਵਿੱਚ ਤਬਦੀਲੀ ਲਿਆ ਸਕਦੀ ਹੈ। ਅੱਜ, ਬ੍ਰੈਂਪਟਨ ਕੈਨੇਡਾ ਵਿੱਚ ਦੂਜਾ ਤੇਜ਼ੀ ਨਾਲ ਵਧਣ ਵਾਲਾ ਸ਼ਹਿਰ

ਹੈ। ਰੀਜਨ ਆਫ ਪੀਲ ਵਿੱਚ ਆਉਣ ਵਾਲੇ ਲਗਭਗ 80 ਪ੍ਰਤੀਸ਼ਤ ਲੋਕ ਆਪਣੇ ਘਰ ਦੇ ਤੌਰ ਤੇ ਬ੍ਰੈਂਪਟਨ ਦੀ ਚੋਣ ਕਰਦੇ ਹਨ। ਇਹ ਮਹੱਤਵਪੂਰਨ ਹੈ ਕਿ ਬ੍ਰੈਂਪਟਨ ਦੇ ਨਿਵਾਸੀਆਂ ਤੇ ਅਸਰ ਪਾਉਣ ਵਾਲੇ ਫ਼ੈਸਲੇ ਲੈਂਦੇ ਸਮੇਂ ਸਾਡੇ ਕੋਲ ਮਜ਼ਬੂਤ ਰਾਏ ਹੋਵੇ।”

- *ਮੇਅਰ ਪੈਟਰਿਕ ਬ੍ਰਾਊਨ (Patrick Brown)*

-30-

ਸਿਟੀ ਆਫ ਬ੍ਰੈਂਪਟਨ ਬਾਰੇ ਹੋਰ ਜਾਣਕਾਰੀ ਲਈ, www.brampton.ca ਤੇ ਜਾਓ ਜਾਂ ਸਾਨੂੰ Twitter, Facebook, ਅਤੇ Instagram ਤੇ ਫਾਲੋ ਕਰੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca